ਮਤਾ ਨੰ: 268

ਵਿਸ਼ਾ : Providing and Installation of 8" dia Straight Hand Bore Tubewell at Islamganj Ward No.49 in zone no.3

Est. Amount Rs. 15,86,590/

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀਸਟੀਕਰਤਾ ਵਾਲਮੀਕੀ ਧਰਮਸ਼ਾਲਾ (ਰਜਿ) ਮੁਹੱਲਾ ਇਸਲਾਮਗੰਜ ਦੇ ਨੁਮਾਂਅਦਿਆ ਵੱਲੋਂ ਆਪਣੇ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਇਸ ਮੁੱਹਲੇ ਵਿੱਚ ਪੀਣ ਵਾਲੇ ਪਾਣੀ ਦੀ ਕਾਫੀ ਜਿਆਦਾ ਸਮਸਿਆ ਹੈ, ਜਿਸ ਕਾਰਨ ਮੁਹਲਾ ਨਿਵਾਸਿਆ ਨੂੰ ਬਹੁਤ ਹੀ ਮੁਸ਼ਕਿਲਾ ਦਾ ਸਾਮਣਾ ਕਰਨਾ ਪੈ ਰਿਹਾ ਹੈ। ਇਸ ਦੇ ਸਬੰਧ ਵਿੱਚ ਇਲਾਕਾ ਜੇ.ਈ ਵਲੋਂ ਮੌਕਾ ਚੈਕ ਕਰਨ ਉਪਰੰਤ ਰਿਪੋਰਟ ਕੀਤੀ ਗਈ ਹੈ ਕਿ ਇਸ ਮੁਹੱਲੇ ਵਿੱਚ ਕੋਈ ਟਿਊਬਵੈਲ ਨਾ ਲਗਾ ਹੋਣ ਕਰਕੇ ਲੋਕਾ ਨੂੰ ਕਾਫੀ ਮੁਸ਼ਕਿਲ ਪੇਸ ਆ ਰਹੀ ਹੈ। ਇਸ ਲਈ ਮੁੱਹਲਾ ਨਿਵਾਸਿਆਂ ਨੂੰ ਪੀਣ ਵਾਲੇ ਪਾਣੀ ਦੀ ਨਿਰਵਿਘਣ ਸਪਲਾਈ ਦੇਣ ਵਾਸਤੇ ਇੱਥੇ ਨਵਾਂ 8" dia ਸਟਰੇਟ ਹੈਡ ਬੋਰ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 15,86,590/- ਦਾ ਤਿਆਰ ਕੀਤਾ ਗਿਆ ਹੈ,ਜਿਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਕਮਿਸ਼ਨਰ ਸਾਹਿਬ ਜੀ ਪਾਸੋਂ ਲੋੜੀਂਦੀ ਹੈ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ।

ਤਖਮੀਨਾ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/—ਗੌਤਮ ਜੈਨ, ਆਈ.ਏ.ਐਸ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

9.10.2024